people for Education
BECAUSE EDUCATION MATTERS MOST

# ਓਂਟੈਰੀਓ ਦੇ ਪਬਲਿਕ ਐਜੂਕੇਸ਼ਨ ਸਿਸਟਮ (ਜਨਤਕ ਸਿੱਖਿਆ ਵਿਵਸਥਾ) ਵਿੱਚ ਕੌਣ ਕੀ ਕਰਦਾ ਹੈ?

ਕੈਨੇਡਾ ਵਿੱਚ, ਜਨਤਕ ਸਿੱਖਿਆ ਸੂਬੇ ਦੀ ਜ਼ਿੰਮੇਵਾਰੀ ਹੈ। ਇਹ ਜਾਣਕਾਰੀ ਸ਼ੀਟ ਓਂਟੈਰੀਓ ਦੀ ਜਨਤਕ ਸਿੱਖਿਆ ਵਿਵਸਥਾ ਦੇ ਢਾਂਚੇ ਅਤੇ ਸਕੂਲਾਂ, ਸਕੂਲ ਬੋਰਡਾਂ, ਅਤੇ ਮਿਨਿਸਟਰੀ ਆਫ਼ ਐਜੂਕੇਸ਼ਨ (ਸਿੱਖਿਆ ਮੰਤਰਾਲੇ) ਵੱਲੋਂ ਨਿਭਾਈਆਂ ਜਾਂਦੀਆਂ ਭੂਮਿਕਾਵਾਂ ਨੂੰ ਸਮਝਣ ਵਿੱਚ ਤੁਹਾਡੀ ਮਦਦ ਕਰੇਗੀ।

## ਸੂਬਾਈ ਮਿਨਿਸਟਰੀ ਆਫ਼ ਐਜੂਕੇਸ਼ਨ

ਮਿਨਿਸਟਰੀ ਆਫ਼ ਐਜੂਕੇਸ਼ਨ ਓਂਟੈਰੀਓ ਦੀ ਜਨਤਕ ਸਕੂਲੀ ਵਿਵਸਥਾ ਦੇ ਸਾਰੇ ਪੱਖਾਂ ਦੀ ਦੇਖ-ਰੇਖ ਲਈ ਜ਼ਿੰਮੇਵਾਰ ਹੈ। ਓਂਟੈਰੀਓ ਦੇ *ਸਿੱਖਿਆ ਕਾਨੂੰਨ (ਐਜੂਕੇਸ਼ਨ ਐਕਟ)* ਵਿੱਚ ਮਿਨਿਸਟਰ ਆਫ਼ ਐਜੂਕੇਸ਼ਨ, ਸਕੂਲ ਬੋਰਡਾਂ, ਨਿਗਰਾਨ ਅਧਿਕਾਰੀਆਂ (ਸੁਪਰਿਨਟੈਂਡੈਂਟਾਂ), ਪ੍ਰਿੰਸੀਪਲਾਂ, ਅਧਿਆਪਕਾਂ, ਮਾਪਿਆਂ ਅਤੇ ਬੱਚਿਆਂ ਦੇ ਫ਼ਰਜ਼ਾਂ ਅਤੇ ਜ਼ਿੰਮੇਵਾਰੀਆਂ ਦਾ ਖੁਲਾਸਾ ਕੀਤਾ ਗਿਆ ਹੈ।

ਮਿਨਿਸਟਰੀ ਹੇਠਾਂ ਲਿਖੇ ਕੰਮਾਂ ਲਈ ਜ਼ਿੰਮੇਵਾਰ ਹੈ:

- ਸਕੂਲਾਂ ਲਈ ਨੀਤੀਆਂ ਅਤੇ ਦਿਸ਼ਾ-ਨਿਰਦੇਸ਼ ਬਣਾਉਣੇ
- ਫ਼ੰਡ ਦੇਣ ਦੇ ਫਾਰਮੂਲੇ ਦਾ ਇਸਤੇਮਾਲ ਕਰਦੇ ਹੋਏ ਸਕੂਲਾਂ ਵਾਸਤੇ ਫ਼ੰਡਾਂ ਦਾ ਨਿਰਧਾਰਣ ਕਰਨਾ
- ਸੂਬਾਈ ਪਾਠਕ੍ਰਮ ਤਿਆਰ ਕਰਨਾ (ਹਰੇਕ ਗਰੇਡ ਵਿੱਚ ਵਿਦਿਆਰਥੀ ਕੀ ਸਿੱਖਣਗੇ)
- ਪਾਸ ਹੋਣ ਲਈ ਲੋੜਾਂ ਤੈਅ ਕਰਨੀਆਂ (ਡਿਪਲੋਮੇ ਅਤੇ ਸਰਟੀਫ਼ਿਕੇਟ)
- ਪ੍ਰਵਾਨਤ ਪਾਠਕ੍ਰਮ ਪੁਸਤਕਾਂ ਅਤੇ ਪੜ੍ਹਾਈ ਦੇ ਹੋਰਨਾਂ ਸ੍ਰੋਤਾਂ ਦੀਆਂ ਸੂਚੀਆਂ ਤਿਆਰ ਕਰਨੀਆਂ

**ਮਿਨਿਸਟਰ ਆਫ਼ ਐਜੂਕੇਸ਼ਨ** ਦੀ ਨਿਯੁਕਤੀ ਪ੍ਰੀਮਿਅਰ ਦੁਆਰਾ ਕੀਤੀ ਜਾਂਦੀ ਹੈ, ਅਤੇ ਉਹ ਸੂਬਾਈ ਸੰਸਦ ਦਾ ਚੁਣਿਆ ਹੋਇਆ ਮੈਂਬਰ (ਐਮ.ਪੀ.ਪੀ.) ਹੁੰਦਾ ਹੈ।

ਤੁਸੀਂ ਸਿੱਖਿਆ ਮੰਤਰਾਲੇ ਨਾਲ www.edu.gov.on.ca 'ਤੇ ਜਾਂ ਫੇਰ 1-800-387-5514 'ਤੇ ਫ਼ੋਨ ਰਾਹੀਂ ਸੰਪਰਕ ਕਰ ਸਕਦੇ ਹੋ।

## ਐਜੂਕੇਸ਼ਨ ਕੁਆਲਿਟੀ ਐਂਡ ਅਕਾਉਂਟੇਬਿਲਿਟੀ ਆਫ਼ਿਸ (ਸਿੱਖਿਆ ਦੀ ਗੁਣਵੱਤਾ ਅਤੇ ਜਵਾਬਦੇਹੀ ਦਫ਼ਤਰ) (ਈ.ਕਿਉ.ਏ.ਓ.)

ਈ.ਕਿਉ.ਏ.ਓ. ਇੱਕ ਸੁਤੰਤਰ ਸਰਕਾਰੀ ਸੰਸਥਾ ਹੈ ਜੋ ਪੂਰੇ ਸੂਬੇ ਵਿੱਚ ਗਰੇਡ 3, 6, ਅਤੇ 9 ਅਤੇ 10 ਦੀਆਂ ਮਿਆਰੀਕਿਰਤ ਪ੍ਰੀਖਿਆਵਾਂ ਦੀ ਦੇਖ-ਰੇਖ ਕਰਦੀ ਹੈ। ਇਹ ਹੇਠਾਂ ਲਿਖੇ ਕੰਮਾਂ ਲਈ ਜ਼ਿੰਮੇਵਾਰ ਹੈ:

- ਪੜ੍ਹਨ, ਲਿਖਣ ਅਤੇ ਗਣਿਤ ਦੇ ਟੈਸਟਾਂ ਨੂੰ ਤਿਆਰ ਕਰਨਾ ਅਤੇ ਇਹਨਾਂ ਦਾ ਪ੍ਰਬੰਧ ਕਰਨਾ
- ਮਿਆਰੀਕ੍ਰਿਤ ਪ੍ਰੀਖਿਆਵਾਂ ਦੇ ਨਤੀਜਿਆਂ ਦੀ ਜਾਣਕਾਰੀ ਮੰਤਰਾਲੇ ਅਤੇ ਜਨਤਾ ਨੂੰ ਦੇਣੀ
- ਪ੍ਰੀਖਿਆ ਦੇ ਨਤੀਜਿਆਂ ਵਿੱਚ ਸੁਧਾਰ ਲਈ ਸਿਫ਼ਾਰਸ਼ਾਂ ਕਰਨੀਆਂ

ਤੁਸੀਂ ਈ.ਕਿਉ.ਏ.ਓ. ਨਾਲ www.eqao.com 'ਤੇ ਜਾਂ ਫੇਰ 1-888-327-7377 'ਤੇ ਫ਼ੋਨ ਰਾਹੀਂ ਸੰਪਰਕ ਕਰ ਸਕਦੇ ਹੋ।

## ਓਂਟੈਰੀਓ ਕਾਲਜ ਆਫ਼ ਟੀਚਰਜ਼

ਓਂਟੈਰੀਓ ਕਾਲਜ ਆਫ਼ ਟੀਚਰਜ਼ ਅਧਿਆਪਕ ਕਿੱਤੇ ਨੂੰ ਨਿਯੰਤ੍ਰਿਤ ਕਰਦਾ ਹੈ। ਇਸ ਦੀਆਂ ਜ਼ਿੰਮੇਵਾਰੀਆਂ ਵਿੱਚ ਸ਼ਾਮਲ ਹਨ:

- ਅਧਿਆਪਨ ਸਰਟੀਫ਼ਿਕੇਟ ਲਈ ਲੋੜਾਂ ਦਾ ਨਿਰਧਾਰਣ ਕਰਨਾ ਅਤੇ ਅਧਿਆਪਕ ਸਿਖਲਾਈ ਪ੍ਰੋਗਰਾਮਾਂ ਲਈ ਮਿਆਰ ਤੈਅ ਕਰਨੇ
- ਯੋਗਤਾ ਪ੍ਰਾਪਤ ਅਧਿਆਪਕਾਂ ਲਈ ਸੂਬਾਈ ਰਜਿਸਟਰ ਬਣਾ ਕੇ ਰੱਖਣਾ
- ਅਧਿਆਪਕਾਂ ਵਿਰੁੱਧ ਸ਼ਿਕਾਇਤਾਂ ਦੀ ਜਾਂਚ ਕਰਨੀ

ਤੁਸੀਂ ਓਂਟੈਰੀਓ ਕਾਲਜ ਆਫ਼ ਟੀਚਰਜ਼ ਨਾਲ www.oct.ca 'ਤੇ ਜਾਂ ਫੇਰ 1-888-534-2222 'ਤੇ ਫ਼ੋਨ ਕਰਕੇ ਸੰਪਰਕ ਕਰ ਸਕਦੇ ਹੋ।

## ਸਕੂਲ ਬੋਰਡ

ਓਂਟੈਰੀਓ ਵਿੱਚ 72 ਸਕੂਲ ਬੋਰਡ ਹਨ, ਜਿਨ੍ਹਾਂ ਵਿੱਚ 31 ਇੰਗਲਿਸ਼ ਪਬਲਿਕ ਬੋਰਡ, 29 ਇੰਗਲਿਸ਼ ਕੈਥੋਲਿਕ ਬੋਰਡ, 4 ਫਰੈਂਚ ਪਬਲਿਕ ਬੋਰਡ ਅਤੇ 8 ਫਰੈਂਚ ਕੈਥੋਲਿਕ ਬੋਰਡ ਹਨ। ਬਹੁਤ ਸਾਰੀਆਂ ਅਜਿਹੀਆਂ 'ਸਕੂਲ ਅਥਾਰਟੀਜ਼' ਹਨ ਜੋ ਸੂਬੇ ਦੇ ਹਸਪਤਾਲਾਂ, ਇਲਾਜ ਕੇਂਦਰਾਂ ਅਤੇ ਦੂਰ-ਦੁਰਾਡੇ ਦੇ ਖੇਤਰਾਂ ਵਿੱਚ ਬਣੇ ਸਕੂਲਾਂ ਦੀ ਦੇਖ-ਰੇਖ ਕਰਦੀਆਂ ਹਨ।

ਸਕੂਲ ਬੋਰਡ ਇਹਨਾਂ ਕੰਮਾਂ ਲਈ ਜ਼ਿੰਮੇਵਾਰ ਹਨ:

- ਇਹ ਫ਼ੈਸਲਾ ਕਰਨਾ ਕਿ ਅਧਿਆਪਕਾਂ ਜਾਂ ਹੋਰ ਸਟਾਫ਼ ਦੀ ਭਰਤੀ, ਇਮਾਰਤ ਅਤੇ ਸਕੂਲ ਦੀ ਸਾਂਭ-ਸੰਭਾਲ ਅਤੇ ਸਕੂਲੀ ਸਪਲਾਈ ਦੀ ਖਰੀਦ ਵਰਗੀਆਂ ਚੀਜ਼ਾਂ ਲਈ ਸੂਬੇ ਤੋਂ ਮਿਲੇ ਫ਼ੰਡਾਂ ਦਾ ਇਸਤੇਮਾਲ ਕਿਵੇਂ ਕਰਨਾ ਹੈ
- ਇਹ ਫ਼ੈਸਲਾ ਕਰਨਾ ਲਈ ਕਿ ਨਵੇਂ ਸਕੂਲ ਕਿੱਥੇ ਅਤੇ ਕਦੋਂ ਉਸਾਰਨੇ ਹਨ ਅਤੇ ਜਾਂ ਫੇਰ ਕੀ ਸਕੂਲ ਬੰਦ ਕਰਨੇ ਚਾਹੀਦੇ ਹਨ
- ਸਕੂਲਾਂ ਵਿੱਚ ਵਿਸ਼ੇਸ਼ ਸਿੱਖਿਆ, ਨਵੇਂ ਆਉਣ ਵਾਲਿਆਂ ਅਤੇ ਫਰੈਂਚ ਇਮਰਸ਼ਨ ਲਈ ਪ੍ਰੋਗਰਾਮਾਂ ਵਰਗੇ ਨਵੇਂ ਕਾਰਜਕ੍ਰਮ ਮੁਹੱਈਆ ਕਰਨੇ
- ਸਥਾਨਕ ਸਿੱਖਿਆ ਨੀਤੀ ਤਿਆਰ ਕਰਨੀ (ਜਿਵੇਂ ਕਿ ਸੁਰੱਖਿਅਤ ਸਕੂਲ, ਹੋਮਵਰਕ)
- ਸਕੂਲ ਬੋਰਡ ਲਈ ਸਲਾਨਾ ਬਕਾਇਆ ਬਜਟ ਸਥਾਪਿਤ ਕਰਨਾ
- ਇਹ ਯਕੀਨੀ ਬਣਾਉਣਾ ਕਿ ਸਕੂਲ, ਸਿੱਖਿਆ ਕਾਨੂੰਨ ਵਿੱਚ ਦਿੱਤੇ ਨਿਯਮਾਂ ਦੀ ਪਾਲਣਾ ਕਰਨ
- ਹਰੇਕ ਸਕੂਲ ਵਿੱਚ ਸਕੂਲ ਕਾਉਂਸਿਲ ਅਤੇ ਬੋਰਡ ਵਾਸਤੇ ਮਾਪਿਆਂ ਦੀ ਸ਼ਮੂਲੀਅਤ ਵਾਲੀ ਕਮੇਟੀ (ਪੇਰੇਂਟ ਇਨਵਾਲਵਮੈਂਟ ਕਮੇਟੀ) ਕਾਇਮ ਕਰਨੀ

People for Education is an independent parents' group working to support public education in Ontario's English, French and Catholic schools.
You can reach us at: P.O. Box 64, Station P, Toronto, Ontario, M5S 2S6
phone: 416-534-0100 fax: 416-536-0100 e-mail: info@peopleforeducation.com or visit: www.peopleforeducation.com

**ਟਰੱਸਟੀ** ਮਿਊਨਿਸਿਪਲ ਚੋਣਾਂ ਦੌਰਾਨ ਸਕੂਲ ਬੋਰਡ ਲਈ ਚੁਣੇ ਜਾਂਦੇ ਹਨ। ਉਹ ਆਪਣੇ ਖੇਤਰ ਦੇ ਮਾਪਿਆਂ ਅਤੇ ਵਿਦਿਆਰਥੀਆਂ ਦੇ ਹਿਤਾਂ ਦੀ ਨੁਮਾਇੰਦਗੀ ਕਰਦੇ ਹਨ। ਟਰੱਸਟੀ ਵਿਦਿਆਰਥੀਆਂ ਨੂੰ ਸਕੂਲੋਂ ਕੱਢੇ ਜਾਣ ਸੰਬੰਧੀ ਬਣੀ ਕਮੇਟੀ ਵਿੱਚ ਸ਼ਾਮਲ ਹੁੰਦੇ ਹਨ, ਅਤੇ ਸਕੂਲ ਬੋਰਡ ਦੇ ਬਜਟ ਬਾਰੇ ਫ਼ੈਸਲਾ ਲੈਂਦੇ ਹਨ। ਤੁਸੀਂ ਆਪਣੇ ਸਕੂਲ ਦੇ ਦਫ਼ਤਰ ਜਾਂ ਬੋਰਡ ਦੀ ਵੈਬਸਾਈਟ ਤੋਂ ਇਹ ਪਤਾ ਲਗਾ ਸਕਦੇ ਹੋ ਕਿ ਤੁਹਾਡਾ ਟਰੱਸਟੀ ਕੌਣ ਹੈ।

**ਸਕੂਲ ਸੁਪਰਿਨਟੈਂਡੈਂਟ** ਜਾਂ "ਸੁਪਰਵਾਈਜ਼ਰੀ ਆਫ਼ਿਸਰ" ਬੋਰਡ ਦਾ ਸਟਾਫ਼ ਹੁੰਦੇ ਹਨ ਜੋ ਹਰੇਕ ਸਕੂਲੀ ਬੋਰਡ ਵਿੱਚ ਸਕੂਲਾਂ ਦੇ ਸਮੂਹਾਂ ਲਈ ਜ਼ਿੰਮੇਵਾਰ ਹੁੰਦੇ ਹਨ। ਸੁਪਰਿਨਟੈਂਡੈਂਟਾਂ ਨੂੰ ਮੁਅਤੱਲੀ ਸੰਬੰਧੀ ਅਪੀਲਾਂ ਅਤੇ ਸਿੱਖਿਆ ਸੰਬੰਧੀ ਵਿਸ਼ੇਸ਼ ਮੀਟਿੰਗਾਂ ਵਿੱਚ ਸ਼ਾਮਲ ਕੀਤਾ ਜਾ ਸਕਦਾ ਹੈ, ਅਤੇ ਉਹਨਾਂ ਨੂੰ ਆਪਣੇ ਘਰੇਲੂ ਸਕੂਲ ਤੋਂ ਇਲਾਵਾ ਹੋਰ ਸਕੂਲ ਵਿੱਚ ਵੀ ਹਾਜ਼ਰ ਹੋਣ ਲਈ ਬੇਨਤੀ ਕੀਤੀ ਜਾ ਸਕਦੀ ਹੈ। ਸੁਪਰਿਨਟੈਂਡੈਂਟਾਂ ਨੂੰ ਪੂਰੇ ਬੋਰਡ ਦੇ ਪ੍ਰੋਗਰਾਮਾਂ ਦੀ ਨਿਗਰਾਨੀ ਦੀ ਜ਼ਿੰਮੇਵਾਰੀ ਵੀ ਦਿੱਤੀ ਜਾ ਸਕਦੀ ਹੈ (ਜਿਵੇਂ ਕਿ ਵਿਸ਼ੇਸ਼ ਸਿੱਖਿਆ ਲਈ ਸੁਪਰਿਨਟੈਂਡੈਂਟ )। ਜੇ ਤੁਹਾਨੂੰ ਸਕੂਲ ਦੇ ਪ੍ਰਿੰਸੀਪਲ ਤੋਂ ਆਪਣੀ ਲੋੜੀਂਦੀ ਮਦਦ ਨਹੀਂ ਮਿਲਦੀ ਤਾਂ ਤੁਸੀਂ ਸਕੂਲ ਦੇ ਸੁਪਰਿਨਟੈਂਡੈਂਟ ਨਾਲ ਸੰਪਰਕ ਕਰ ਸਕਦੇ ਹੋ।

ਤੁਹਾਨੂੰ ਸੂਬੇ ਦੇ ਸਾਰੇ ਸਕੂਲ ਬੋਰਡਾਂ ਦੀ ਮੁਕੰਮਲ ਸੂਚੀ ਇਸ ਵੈਬਸਾਈਟ 'ਤੇ ਮਿਲ ਸਕਦੀ ਹੈ:
**http://esip.edu.gov.on.ca/english/core/BoardDirectory.asp**

## ਸਕੂਲ

**ਪ੍ਰਿੰਸੀਪਲ** ਵੱਖ-ਵੱਖ ਸਕੂਲਾਂ ਦੇ ਪ੍ਰਬੰਧ ਲਈ ਜ਼ਿੰਮੇਵਾਰ ਹੁੰਦੇ ਹਨ। ਉਹਨਾਂ ਕੋਲ ਆਪਣੀ ਸਹਾਇਤਾ ਲਈ ਇੱਕ ਜਾਂ ਇੱਕ ਤੋਂ ਵੱਧ **ਵਾਇਸ-ਪ੍ਰਿੰਸੀਪਲ** ਹੋ ਸਕਦੇ ਹਨ। ਪ੍ਰਿੰਸੀਪਲ ਇਹਨਾਂ ਕੰਮਾਂ ਲਈ ਜ਼ਿੰਮੇਵਾਰ ਹੁੰਦੇ ਹਨ:

- ਸਕੂਲ ਵਿੱਚ ਅਧਿਆਪਨ ਅਤੇ ਪਾਠਕ੍ਰਮ ਦੀ ਨਿਗਰਾਨੀ ਕਰਨੀ ਅਤੇ ਸਕੂਲ ਦੀ ਸੁਧਾਰ ਯੋਜਨਾ ਬਾਰੇ ਫ਼ੈਸਲੇ ਲੈਣੇ
- ਅਧਿਆਪਕਾਂ ਅਤੇ ਹੋਰ ਸਟਾਫ਼ 'ਤੇ ਨਿਗਰਾਨੀ ਰੱਖਣੀ
- ਵਿਦਿਆਰਥੀਆਂ ਨੂੰ ਦਾਖਲ ਕਰਨਾ ਅਤੇ ਵਿਸ਼ੇਸ਼ ਸਿੱਖਿਆ ਪਲੇਸਮੈਂਟਾਂ ਬਾਰੇ ਫ਼ੈਸਲੇ ਲੈਣੇ
- ਸਕੂਲੀ ਬਜਟ ਦਾ ਪ੍ਰਬੰਧਨ ਕਰਨਾ ਅਤੇ ਯਕੀਨੀ ਬਣਾਉਣਾ ਕਿ ਇਮਾਰਤ ਦੀ ਸਾਂਭ-ਸੰਭਾਲ ਕੀਤੀ ਜਾਂਦੀ ਹੈ
- ਵਿਭਾਗੀ ਮੁਖੀਆਂ, ਕਲਾ ਮਾਹਰਾਂ ਜਾਂ ਲਾਇਬ੍ਰੇਰੀ ਸਟਾਫ਼ ਵਰਗੇ ਵਿਸ਼ੇਸ਼ਗ ਸਟਾਫ਼ ਦੀ ਵੰਡ ਸੰਬੰਧੀ ਫ਼ੈਸਲੇ ਲੈਣੇ
- ਵਿਦਿਆਰਥੀਆਂ ਦਾ ਰਿਕਾਰਡ ਸੰਭਾਲਣਾ ਅਤੇ ਇਹ ਯਕੀਨੀ ਬਣਾਉਣਾ ਕਿ ਰਿਪੋਰਟ ਕਾਰਡ ਮਾਪਿਆਂ ਨੂੰ ਭੇਜੇ ਜਾਂਦੇ ਹਨ
- ਵਿਦਿਆਰਥੀਆਂ ਦੇ ਅਨੁਸ਼ਾਸਨ ਦੀ ਨਿਗਰਾਨੀ ਕਰਨੀ ਅਤੇ ਉਹਨਾਂ ਨੂੰ ਮੁਅੱਤਲ ਕੀਤੇ ਜਾਣ ਜਾਂ ਸੰਭਾਵੀ ਤੌਰ 'ਤੇ ਸਕੂਲ ਤੋਂ ਕੱਢੇ ਜਾਣ ਬਾਰੇ ਫ਼ੈਸਲੇ ਲੈਣੇ
- ਮਾਪਿਆਂ ਦੀ ਸ਼ਮੂਲੀਅਤ ਨੂੰ ਉਤਸ਼ਾਹਿਤ ਕਰਨ ਵਾਸਤੇ ਸਕੂਲ ਕਾਉਂਸਿਲ ਨਾਲ ਕੰਮ ਕਰਨਾ, ਫੰਡ ਇਕੱਠਾ ਕਰਨ ਬਾਰੇ ਫ਼ੈਸਲੇ ਕਰਨ ਵਿੱਚ ਸਹਾਇਤਾ ਕਰਨੀ ਅਤੇ ਸਕੂਲ ਦੇ ਜਾਬਤਾ ਨਿਯਮਾਂ (ਕੋਡ ਆਫ਼ ਕਨਡਕਟ) ਅਤੇ ਘਰ ਦੇ ਕੰਮ ਬਾਰੇ ਨੀਤੀ ਤਿਆਰ ਕਰਨੀ

ਓਂਟੈਰੀਓ ਵਿੱਚ **ਅਧਿਆਪਕਾਂ** ਕੋਲ ਜਨਤਕ ਸਿੱਖਿਆ ਵਿਵਸਥਾ ਵਾਲੇ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਪੜ੍ਹਾਉਣ ਲਈ ਮਾਨਤਾ ਪ੍ਰਾਪਤ ਅਧਿਆਪਨ ਸਰਟੀਫ਼ਿਕੇਟ ਜ਼ਰੂਰ ਹੋਣਾ ਚਾਹੀਦਾ ਹੈ। ਅਧਿਆਪਕ ਹੇਠਾਂ ਲਿਖੇ ਕੰਮਾਂ ਲਈ ਜ਼ਿੰਮੇਵਾਰ ਹੁੰਦੇ ਹਨ:

- ਲੈਸਨ ਦੀ ਯੋਜਨਾ ਬਣਾਉਣੀ, ਕਲਾਸਾਂ ਨੂੰ ਪੜ੍ਹਾਉਣਾ, ਅਤੇ ਵਿਦਿਆਰਥੀਆਂ ਦੀ ਕਾਰਗੁਜ਼ਾਰੀ ਦਾ ਮੁਲਾਂਕਣ ਕਰਨਾ
- ਕਲਾਸਰੂਮ ਵਿੱਚ ਅਨੁਸ਼ਾਸਨ ਬਣਾਈ ਰੱਖਣਾ
- ਪਾਠਕ੍ਰਮ ਤੋਂ ਇਲਾਵਾ ਖੇਡਾਂ, ਕਲੱਬਾਂ ਜਾਂ ਹੋਰ ਸਰਗਰਮੀਆਂ ਕਰਵਾਉਣੀਆਂ (ਸਵੈ-ਇੱਛਾ ਨਾਲ)
- ਵਿਦਿਆਰਥੀਆਂ ਦੀ ਤਰੱਕੀ ਬਾਰੇ ਮਾਪਿਆਂ ਨਾਲ ਸੰਪਰਕ ਕਰਨਾ

**ਸਕੂਲ ਕਾਉਂਸਿਲਾਂ** ਪ੍ਰਿੰਸੀਪਲ ਅਤੇ ਸਕੂਲ ਬੋਰਡ ਨੂੰ ਸਲਾਹ ਦਿੰਦੀਆਂ ਹਨ। ਹਰੇਕ ਸਕੂਲ ਵਿੱਚ ਇੱਕ ਸਕੂਲ ਕਾਉਂਸਿਲ ਜ਼ਰੂਰ ਹੋਣੀ ਚਾਹੀਦੀ ਹੈ ਜਿਸ ਦੇ ਮੈਂਬਰਾਂ ਵਿੱਚ ਮਾਪੇ, ਪ੍ਰਿੰਸੀਪਲ, ਇੱਕ ਅਧਿਆਪਕ, ਇੱਕ ਵਿਦਿਆਰਥੀ (ਹਾਈ ਸਕੂਲ ਵਿੱਚ), ਨੋਨ-ਟੀਚਿੰਗ ਸਟਾਫ਼ ਦਾ ਇੱਕ ਮੈਂਬਰ ਅਤੇ ਭਾਈਚਾਰੇ ਦਾ ਇੱਕ ਨੁਮਾਂਇਦਾ ਸ਼ਾਮਲ ਹੁੰਦੇ ਹਨ। ਜ਼ਿਆਦਾਤਰ ਮੈਂਬਰ ਲਾਜ਼ਮੀ ਤੌਰ 'ਤੇ ਮਾਪਿਆਂ ਵਿੱਚੋਂ ਹੋਣੇ ਚਾਹੀਦੇ ਹਨ ਅਤੇ ਇਸ ਦਾ ਮੁਖੀ ਵੀ ਲਾਜ਼ਮੀ ਤੌਰ 'ਤੇ ਮਾਪਿਆਂ ਵਿੱਚੋਂ ਹੀ ਹੋਣਾ ਚਾਹੀਦਾ ਹੈ। ਸਕੂਲ ਕਾਉਂਸਿਲ ਦੇ ਫ਼ੈਸਲਿਆਂ ਵਿੱਚ ਪ੍ਰਿੰਸੀਪਲ ਵੋਟ ਨਹੀਂ ਦਿੰਦੇ। ਸਕੂਲ ਕਾਉਂਸਿਲਾਂ ਹੇਠਾਂ ਲਿਖੇ ਕੰਮਾਂ ਲਈ ਜ਼ਿੰਮੇਵਾਰ ਹਨ:

- ਮਾਪਿਆਂ ਅਤੇ ਭਾਈਚਾਰੇ ਨਾਲ ਜਾਣਕਾਰੀ ਸਾਂਝੀ ਕਰਨੀ ਅਤੇ ਕਾਉਂਸਿਲ ਵੱਲੋਂ ਵਿਚਾਰੇ ਜਾ ਰਹੇ ਮਾਮਲਿਆਂ 'ਤੇ ਉਹਨਾਂ ਦੀ ਰਾਏ ਲੈਣੀ
- ਸਕੂਲੀ ਸਲਾਨਾ ਕੈਲੰਡਰਾਂ, ਸਕੂਲ ਦੀ ਕਾਰਗੁਜ਼ਾਰੀ ਵਿੱਚ ਸੁਧਾਰ ਲਈ ਰਣਨੀਤੀਆਂ, ਜਾਬਤਾ ਨਿਯਮਾਂ ਅਤੇ ਵਰਦੀ, ਪ੍ਰਿੰਸੀਪਲਾਂ ਦੀ ਚੋਣ ਲਈ ਮਾਪਦੰਡ ਅਤੇ ਸਕੂਲ ਨੂੰ ਪ੍ਰਭਾਵਿਤ ਕਰਨ ਵਾਲੀਆਂ ਬੋਰਡ ਦੀਆਂ ਨੀਤੀਆਂ ਵਰਗੇ ਮੁੱਦਿਆਂ ਬਾਰੇ ਪ੍ਰਿੰਸੀਪਲਾਂ ਅਤੇ ਸਕੂਲ ਬੋਰਡ ਨੂੰ ਸਲਾਹ ਦੇਣੀ

ਬਹੁਤ ਸਾਰੀਆਂ ਸਕੂਲੀ ਕਾਉਂਸਿਲਾਂ ਸਕੂਲੀ ਭਾਈਚਾਰੇ ਲਈ ਸਮਾਜਿਕ ਪ੍ਰੋਗਰਾਮ ਕਰਵਾਉਣ ਅਤੇ ਫੰਡ ਇਕੱਠਾ ਕਰਨ ਦੇ ਕੰਮਾਂ ਵਿੱਚ ਸਰਗਰਮੀ ਨਾਲ ਜੁੜੀਆਂ ਹੋਈਆਂ ਹਨ।

ਸਕੂਲ ਕਾਉਂਸਿਲਾਂ ਬਾਰੇ ਹੋਰ ਜਾਣਕਾਰੀ ਲਈ ਇਹ ਵੈਬਸਾਈਟ ਦੇਖੋ:
**http://www.edu.gov.on.ca/eng/general/elemsec/council/guide.html**

## ਵਧੇਰੇ ਜਾਣਕਾਰੀ ਲਈ

ਓਂਟੈਰੀਓ ਦੀ ਸਿੱਖਿਆ ਵਿਵਸਥਾ ਬਾਰੇ ਹੋਰ ਜਾਣਨ ਅਤੇ ਇਸ ਵਿੱਚ ਸ਼ਾਮਲ ਹੋਣ ਬਾਰੇ ਪਤਾ ਕਰਨ ਲਈ, ਤੁਸੀਂ ਇਹਨਾਂ ਨਾਲ ਸੰਪਰਕ ਕਰ ਸਕਦੇ ਹੋ:

ਪੀਪਲਜ਼ ਫਾਰ ਐਜੂਕੇਸ਼ਨ: **www.peopleforeducation.com**

*ਓਂਟੈਰੀਓ ਐਸੋਸੀਏਸ਼ਨ ਆਫ਼ ਪੇਰੈਂਟਸ ਇਨ ਕੈਥੋਲਿਕ ਐਜੂਕੇਸ਼ਨ:*
**www.oapce.on.ca**

ਓਂਟੈਰੀਓ ਫੈਡਰੇਸ਼ਨ ਆਫ਼ ਹੋਮ ਐਂਡ ਸਕੂਲ ਐਸੋਸੀਏਸ਼ਨਜ਼:
**www.ofhsa.on.ca/**

THE ONTARIO TRILLIUM FOUNDATION · LA FONDATION TRILLIUM DE L'ONTARIO

This tip sheet was developed with the support of the Ontario Trillium Foundation.

Copies are available in several languages at www.peopleforeducation.com.
For more information, call 416-534-0100 (toll-free 1-888-534-3944) or email info@peopleforeducation.com
© People for Education 2008